ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ

(ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2009/ 6916 — 24 ਮਿਤੀ: 27.08.09

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

4) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

5) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

6) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

7) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

8) ਸ੍ਰੀ ਰਜਿੰਦਰ ਸਿੰਘ ਰਾਣਾ
ਪ੍ਰਧਾਨ
ਮਿਉਂਸਪਲ ਕੌਂਸਲ, ਐਸ.ਏ.ਐਸ. ਨਗਰ (ਮੁਹਾਲੀ)।

<u>ਵਿਸ਼ੇਸ਼ ਤੌਰ ਤੇ ਸੱਦੇ ਲਈ</u>

9) ਸ੍ਰੀ ਐਸ.ਐਸ. ਸੰਧੂ
ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਪੰਜਵੀਂ ਮੀਟਿੰਗ ਦੀ ਕਾਰਵਾਈ।

ਸ੍ਰੀਮਾਨ ਜੀ,

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਪੰਜਵੀਂ ਮੀਟਿੰਗ ਜੋ ਮਿਤੀ 06-08-2009 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਵਧੀਕ ਮੁੱਖ ਪ੍ਰਸ਼ਾਸ਼ਕ (ਮੁ:ਦ:)

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2009/ 6916 – 6924 ਮਿਤੀ: 27.8.09

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ ਪੰਜਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਜੀ ਨੂੰ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਸੂਚਨਾ ਹਿੱਤ ਜੀ।

ਵਧੀਕ ਮੁੱਖ ਪ੍ਰਸ਼ਾਸ਼ਕ (ਮੁ:ਦ:)

ਮਾਨਯੋਗ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ-ਕਮ-ਚੇਅਰਮੈਨ ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 6-8-2009 ਨੂੰ 10-30 ਵਜੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਪੰਜਵੀ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਡੀ ਐਸ ਗੁਰੂ ਆਈ ਏ ਐਸ,
ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

2) ਸ੍ਰੀ ਡੀ ਐਸ ਬੈਂਸ, ਆਈ ਏ ਐਸ,
ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਚੰਡੀਗੜ੍ਹ ।

3) ਸ੍ਰੀ ਕਰਨ ਏ ਸਿੰਘ, ਆਈ ਏ ਐਸ,
ਪ੍ਰਮੁੱਖ ਸਕੱਤਰ, ਵਿੱਤ, ਚੰਡੀਗੜ੍ਹ ।

4) ਸ੍ਰੀ ਅਰੁਣ ਗੋਇਲ, ਆਈ ਏ ਐਸ,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

5) ਸ੍ਰੀ ਐਸ ਐਸ ਸੰਧੂ, ਆਈ ਏ ਐਸ,
ਸਪੈਸਲ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।
(ਵਿਸੇਸ ਤੌਰ ਤੇ ਸੱਦੇ ਤੇ)

6) ਸ੍ਰੀ ਰਜਿੰਦਰ ਸਰਮਾ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

7) ਸ੍ਰੀ ਰਜਿੰਦਰ ਸਿੰਘ ਰਾਣਾ,
ਪ੍ਰਧਾਨ ਮਿਉਂਸਿਪਲ ਕੌਂਸਲ, ਮੋਹਾਲੀ

8) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

ਏਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

<u>ਮੱਦ ਨੰਬਰ 5.01.</u>

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੀ ਚੌਥੀ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ।

ਅਥਾਰਟੀ ਵੱਲੋ ਕਾਰਵਾਈ ਦੀ ਪੁਸਟੀ ਕੀਤੀ ਗਈ

Scanned by CamScanner

<u>ਮੱਦ ਨੰਬਰ5.02</u>

ਗਮਾਡਾ ਅਥਾਰਟੀ ਦੀ ਮਿਤੀ 19-11-2008 ਨੂੰ ਹੋਈ ਚੌਥੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।

ਅਥਾਰਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਤੇ ਤਸੱਲੀ ਪ੍ਰਗਟਾਈ ਗਈ ।

<u>ਮੱਦ ਨੰਬਰ5.03</u>

ਮੱਦ ਨੰਬਰ ਗਮਾਡਾ ਦੇ ਕਮੇਟੀਜ਼ ਐਂਡ ਕੰਡਕਟ ਆਫ ਬਿਜਨੈਸ ਰੈਗੂਲੇਸਨਜ਼, 2006 ਵਿਚ ਸੋਧ ਕਰਨ ਬਾਰੇ ।

ਤਜਵੀਜ ਪ੍ਰਵਾਨ ਹੈ ।

<u>ਮੱਦ ਨੰਬਰ 5.04</u>

ਅਰਬਨ ਅਸਟੇਟ ਵਿਖੇ ਉਸਾਰੇ ਗਏ ਰਿਹਾਇਸ਼ੀ ਮਕਾਨਾਂ ਅਤੇ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ/ਪੁੱਡਾ(ਹੁਣ ਗਮਾਡਾ) ਵਲੋਂ ਉਸਾਰੇ ਮਕਾਨਾਂ ਵਿਚ ਪ੍ਰੋਫੈਸਨਲ ਕੰਸਲਟੈਂਸੀ ਸਰਵਿਸ ਦੀ ਆਗਿਆ ਦੇਣ ਸਬੰਧੀ ਪਾਲਿਸੀ ਬਾਰੇ ।

ਤਜਵੀਜ ਪ੍ਰਵਾਨ ਹੈ ।

<u>ਮੱਦ ਨੰਬਰ 5.05</u>

ਸਾਲ 2007-08 ਦੇ ਸਾਲਾਨਾ ਲੇਖੇ ਦੀ ਪ੍ਰਵਾਨਗੀ ਸਬੰਧੀ ।

ਪ੍ਰਵਾਨ ਹੈ ।

<u>ਮੱਦ ਨੰਬਰ 5.06</u>

Revised Budget Estimates for the year 2008-09 and Budget Estimates for the year 2009-10.

ਪ੍ਰਵਾਨ ਹੈ ।

<u>ਮੱਦ ਨੰਬਰ 5.07</u>

ਘਰਾਂ ਵਿਚ ਚਲਾਏ ਜਾ ਰਹੇ ਨਰਸਿੰਗ ਹੋਮਜ ਨੂੰ ਨਿਯਮਤ ਕਰਨ ਜਾਂ ਦੂਜੀਆਂ ਸਾਈਟਾਂ ਅਲਾਟ ਕਰਨ ਬਾਰੇ ।

ਅਥਾਰਟੀ ਨੇ ਹੁੱਡਾ,ਚੰਡੀਗੜ੍ਹ ਪ੍ਰਸਾਸਨ, ਡੀ ਡੀ ਏ ਅਤੇ ਕਮੇਟੀ ਦੀਆਂ ਸਿਫਾਰਸਾਂ ਨੂੰ ਇਸ ਮੱਦ ਤੇ ਵਿਚਾਰਣ ਉਪਰੰਤ ਚੰਡੀਗੜ੍ਹ ਪ੍ਰਸਾਸਨ ਵਾਲੀ ਪਾਲਸੀ ਗਮਾਡਾ ਵਿੱਚ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਪਾਲਸੀ ਵਿੱਚ ਨਿਰਧਾਰਤ ਸ਼ਰਤਾਂ ਪੂਰੀਆਂ ਕਰਨ ਸਬੰਧੀ ਘੋਖਣ ਅਤੇ ਪ੍ਰਵਾਨਗੀ ਦੇਣ ਦੇ ਅਧਿਕਾਰ ਗਮਾਡਾ ਦੀ ਰਿਜਨਲ ਪਲੈਨਿੰਗ ਅਤੇ ਡਿਜਾਇਨ ਕਮੇਟੀ ਨੂੰ ਦਿੱਤੇ ਗਏ। ਇਸ ਫੈਸਲੇ ਤੋ ਪਹਿਲਾਂ ਜੋ ਨਰਸਿੰਗ ਹੋਮਜ਼ ਘਰਾਂ ਵਿੱਚ ਚਲਾਏ ਜਾ ਰਹੇ ਹਨ ਉਹਨਾਂ ਨੂੰ ਪਾਲਸੀ ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਅੰਦਰ ਗਮਾਡਾ ਤੋਂ ਪ੍ਰਵਾਨਗੀ ਲੈਣੀ ਹੋਵੇਗੀ। ਜੇਕਰ ਕੋਈ ਅਲਾਟੀ ਦਿੱਤੇ ਗਏ ਸਮੇਂ ਵਿੱਚ ਪ੍ਰਵਾਨਗੀ ਨਹੀਂ ਲੈਂਦਾ ਤਾਂ ਉਸਨੂੰ ਨਰਸਿੰਗ ਹੋਮ ਬੰਦ ਕਰਨਾ ਪਵੇਗਾ। ਨਰਸਿੰਗ ਹੋਮਜ ਖੋਲਣ ਦੀ ਪ੍ਰਵਾਨਗੀ ਲਈ ਬਿਨੈ ਪੱਤਰ ਅਲਾਟੀ ਵੱਲੋ ਹੀ ਦਿੱਤਾ ਜਾ ਸਕਦਾ ਹੈ ।

Scanned by CamScanner

ਅਥਾਰਟੀ ਨੂੰ ਗਮਾਡਾ ਤੋਂ ਪ੍ਰਵਾਨਗੀ ਲੈਣ ਲਈ ਬਿਨੈਪੱਤਰ ਦੇਣ ਵੇਲੇ ਆਪਣੇ ਨਾਲ ਲਗਦੇ ਸੱਜੇ ਅਤੇ ਖੱਬੇ ਪਾਸੇ ਪਲਾਟ/ਮਕਾਨ/ਕੋਠੀਆਂ ਦੇ ਮਾਲਕਾਂ ਤੋਂ ਉਹਨਾਂ ਨੂੰ ਨਰਸਿੰਗ ਹੋਮ ਖੋਲਣ ਸਬੰਧੀ ਇਤਰਾਜਹੀਣਤਾ ਸਰਟੀਫਿਕੇਟ ਲੈ ਕੇ ਦੇਣਾਂ ਪਵੇਗਾ। ਜਿੱਥੋਂ ਤੱਕ ਘਰਾਂ ਵਿੱਚ ਨਰਸਿੰਗ ਹੋਮਜ ਚਲਾਉਣ ਦੀ ਪ੍ਰਵਾਨਗੀ ਦੇਣ ਲਈ ਚਾਰਜਿਜ਼ ਦਾ ਸਬੰਧ ਹੈ ਉਹ ਗਮਾਡਾ ਦੇ ਅਧਿਕਾਰੀਆਂ ਦੀ ਕਮੇਟੀ ਵਲੋਂ ਸੁਝਾਏ ਗਏ ਰੇਟ ਜੋ ਹੇਠ ਪ੍ਰਕਾਰ ਹਨ ਵਸੂਲਣ ਦੀ ਪ੍ਰਵਾਨਗੀ ਦਿੱਤੀ ਗਈ:-

| | | |
|---|---|---|
| ੳ) | ਚੇਜ਼ ਇੰਨ ਯੂਜ਼ ਚਾਰਜਿਜ਼ | 5000/- ਰੁਪਏ ਪ੍ਰਤੀ ਵ:ਗ: (ਕਵਰਡ ਏਰੀਆ)<br>1000 /- ਰੁਪਏ ਪ੍ਰਤੀ ਵ:ਗ: (ਅਨ ਕਵਰਡ ਏਰੀਆ) |
| ਅ) | ਸਲਾਨਾਂ ਚਾਰਜਿਜ਼<br>(ਸਾਲ 2009 ਲਈ) | 50000/- ਰੁਪਏ (500 ਵ:ਗ: ਦੀ ਕੋਠੀ ਲਈ) |

ਨੋਟ:- ਸਾਲ 2010 ਅਤੇ ਇਸ ਉਪਰੰਤ ਹਰ ਸਾਲ ਸਲਾਨਾਂ ਚਾਰਜਿਜ਼ 5% ਪ੍ਰਤੀ ਸਾਲ ਦੀ ਦਰ ਨਾਲ ਆਪਣੇ ਆਪ ਵੱਧਦੇ ਰਹਿਣਗੇ। ਸਲਾਨਾਂ ਚਾਰਜਿਜ਼ ਪੂਰੇ ਕਲੰਡਰ ਈਅਰ ਲਈ ਵਸੂਲੇ ਜਾਣਗੇ ਭਾਵੇਂ ਇਹ ਪ੍ਰਵਾਨਗੀ ਸਾਲ ਦੇ ਕਿਸੇ ਵੀ ਮਹੀਨੇ ਵਿੱਚ ਮੰਗੀ ਗਈ ਹੋਵੇ।

<u>ਮੱਦ ਨੰਬਰ 5.08</u>

ਰਾਜ ਸੈਨਿਕ ਵੈਲਫੇਅਰ ਬੋਰਡ, ਪੰਜਾਬ ਨੂੰ ਫਲੈਗ ਡੇ ਫੰਡ ਵਿਚੋਂ ਜਮਾਂ ਕਰਵਾਈ ਗਈ ਰਕਮ ਰਿਫੰਡ ਕਰਨ ਬਾਰੇ ।

ਅਥਾਰਟੀ ਨੇ ਮੱਦ ਵਿਚ ਦਿੱਤੇ ਗਏ ਤੱਥਾਂ ਨੂੰ ਘੋਖਣ ਉਪਰੰਤ ਮਹਿਸੂਸ ਕੀਤਾ ਕਿ ਫਲੈਗ ਡੇ ਫੰਡ ਵਿਚ ਜੋ ਪੈਸਾ ਹੁੰਦਾ ਹੈ ਉਹ ਸਾਬਕਾ ਫੌਜੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਰਤਿਆ ਜਾਂਦਾ ਹੈ। ਅਥਾਰਟੀ ਵੱਲੋਂ ਤਰਸ ਦੇ ਅਧਾਰ ਤੇ ਰਾਜ ਸੈਨਿਕ ਬੋਰਡ ਨੂੰ ਫਲੈਗ ਡੇ ਫੰਡ ਵਿਚੋ ਗਮਾਡਾ ਨੂੰ ਪਨੈਲਟੀ ਵੱਜੋ ਜਮਾ ਕਰਵਾਈ ਰਕਮ ਮਾਫ ਕਰਨ ਅਤੇ ਇਸ ਰਕਮ ਦਾ ਰਿਫੰਡ ਸਬੰਧਤ ਵਿਭਾਗ ਨੂੰ ਕਰਨ ਦੀ ਪ੍ਰਵਾਨਗੀ ਦਿੱਤੀ ਗਈ । ਇਹ ਫੈਸਲਾ ਅੱਗੋ ਲਈ ਦੂਸਰੇ ਕੇਸਾਂ ਵਿਚ ਉਦਾਹਰਣ ਨਹੀ ਬਣੇਗਾ ।

<u>ਮੱਦ ਨੰਬਰ 5.09</u>

ਮੈਸ:ਐਚ.ਪੀ.ਸੀ.ਐਲ.ਮਿੱਤਲ ਅਨੈਰਜੀ ਲਿਮ: ਨੂੰ ਸਹਿਰੀ ਮਿਲਖ ਮੋਹਾਲੀ ਵਿਖੇ ਦਫਤਰੀ ਮੰਤਵ ਲਈ ਥਾਂ ਅਲਾਟ ਕਰਨ ਬਾਰੇ ।

ਪ੍ਰਵਾਨ ਹੈ ।

<u>ਮੱਦ ਨੰਬਰ 5.10</u>

ਮੋਹਾਲੀ ਵਿਚੋਂ ਲੰਘਦੇ ਐਨ-ਚੋਅ ਵਿਚ ਆਰ.ਡੀ.3430 ਤੋਂ ਆਰ.ਡੀ. 3690 ਮੀਟਰ ਤੱਕ ਕੱਚੇ ਹਿੱਸੇ ਦੀ ਚੈਨੇਲਾਈਜੇਸਨ ਕਰਾਉਣ ਸਬੰਧੀ ।

ਤਜਵੀਜ ਪ੍ਰਵਾਨ ਹੈ।

Scanned by CamScanner

ਮੱਦ ਨੰਬਰ 5.11

ਮੋਹਾਲੀ ਵਿਚੋਂ ਲੰਘਦੇ ਐਨ-ਚੋਅ ਦੀ ਸਾਫ ਸਫਾਈ ਅਤੇ ਰੱਖ ਰਖਾਵ ਗਮਾਡਾ ਵਲੋਂ ਕਰਵਾਉਣ ਸਬੰਧੀ ।

ਅਜੰਡਾ ਨੋਟ ਵਿਚਾਰਨ ਉਪਰੰਤ ਅਥਾਰਟੀ ਵੱਲੋ ਮਹਿਸੂਸ ਕੀਤਾ ਗਿਆ ਕਿ ਇਹ ਇੱਕ ਮੇਨਟੇਨਸ ਦਾ ਕੰਮ ਹੋਣ ਕਰਕੇ ਪੁੱਡਾ ਐਕਟ ਮੁਤਾਬਕ ਗਮਾਡਾ ਵੱਲੋ ਨਹੀ ਕੀਤਾ ਜਾਣਾ ਅਤੇ ਲੋਕਲ ਅਥਾਰਟੀ ਮਿਉਸਿਪਲ ਕੌਂਸਲ ਮੋਹਾਲੀ ਵੱਲੋਂ ਕੀਤਾ ਜਾਣਾ ਹੈ ਪਰ ਕਿਉਂਜੋ ਮਿਉਸਿਪਲ ਕੌਸਲ ਮੋਹਾਲੀ ਵੱਲੋਂ ਫੰਡਾਂ ਦੀ ਘਾਟ ਹੋਣ ਕਾਰਨ ਇਸ ਕੰਮ ਨੂੰ ਹੱਥ ਵਿਚ ਨਹੀ ਲਿਆ ਜਾ ਰਿਹਾ ਇਸ ਲਈ ਅਥਾਰਟੀ ਵੱਲੋ ਇਹ ਫੈਸਲਾ ਕੀਤਾ ਗਿਆ ਕਿ ਜਨ ਹਿੱਤ ਵਿਚ ਗਮਾਡਾ ਵੱਲੋ ਇਸ ਚੋਅ ਦੀ ਸਫਾਈ ਦਾ ਕੰਮ ਇੱਕ ਵਾਰ (one time) ਅਧਾਰ ਤੇ ਆਪਣੇ ਵਸੀਲਿਆਂ ਵਿਚੋ ਕਰਵਾਇਆ ਜਾਵੇ।

ਮੱਦ ਨੰਬਰ 5.12

ਮੋਹਾਲੀ ਵਿਖੇ ਗਾਰਬੇਜ ਡੰਪਿੰਗ ਗਰਾਊਂਡ ਦੀ ਉਸਾਰੀ ਸਬੰਧੀ ।

ਅਥਾਰਟੀ ਵੱਲੋ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਉਂਦੇ ਹੋਏ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ ।

ਮੱਦ ਨੰਬਰ 5.13

ਸ਼ਹਿਰੀ ਮਿਲਖ ਮੋਹਾਲੀ ਦੇ ਸੈਕਟਰ-74 ਤੋਂ ਨੈਸ਼ਨਲ ਹਾਈਵੇਂ ਤੱਕ 200 ਫੁੱਟ ਚੌੜੀ ਸੜਕ ਦੀ ਉਸਾਰੀ ਅਤੇ 200 ਮੀਟਰ ਦੀ ਮਿਕਸ ਲੈਂਡ ਯੂਜ ਸੜਕ ਲਈ 269.52 ਏਕੜ ਭੋਂ ਪ੍ਰਾਪਤ ਕਰਨ ਵਿਚ ਲੈਂਡ ਪੂਲਿੰਗ ਸਕੀਮ ਸਿਧਾਂਤਕ ਤੌਰ ਤੇ ਲਾਗੂ ਕਰਨ ਬਾਰੇ ।

ਤਜਵੀਜ ਪ੍ਰਵਾਨ ਹੈ ।

ਮੱਦ ਨੰਬਰ 5.14

ਗੁਲਾਂਪੁਰ ਲੋਕਲ ਪਲੈਨਿੰਗ ਏਰੀਏ ਵਿਚ ਪੈਂਦੀ ਲੱਗਭੱਗ 450 ਏਕੜ ਰਕਬੇ ਤੇ ਅਰਬਨ ਅਸਟੇਟ ਸਥਾਪਿਤ ਕਰਨ ਬਾਰੇ ।

ਤਜਵੀਜ ਪ੍ਰਵਾਨ ਹੈ ।

ਮੱਦ ਨੰਬਰ 5.15

ਸੈਕਟਰ-66-66ਏ ਤੋਂ ਛੱਤ ਐਨ.ਐਚ.64 ਤੱਕ ਮਿਕਸ ਲੈਂਡ ਯੂਜ ਦੋਵੇਂ ਪਾਸੇ 30 ਮੀਟਰ ਬਫਰ ਜੋਨ ਅਤੇ 300 ਮੀਟਰ ਮਿਕਸ ਲੈਂਡ ਯੂਜ ਲਈ 929.73 ਏਕੜ ਪ੍ਰਾਪਤ ਕੀਤੀ ਜਾਣ ਵਾਲੀ ਭੋਂ ਵਿਚ ਲੈਂਡ ਪੂਲਿੰਗ ਸਕੀਮ ਸਿਧਾਂਤਕ ਤੌਰ ਤੇ ਲਾਗੂ ਕਰਨ ਬਾਰੇ ।

ਤਜਵੀਜ ਪ੍ਰਵਾਨ ਹੈ ।

ਮੱਦ ਨੰਬਰ 5.16

ਮੋਹਾਲੀ ਸ਼ਹਿਰ ਦੀਆਂ ਪੁਰਾਣੀਆਂ ਸੈਕਟਰ ਡਿਵਾਈਡਿੰਗ ਸੜਕਾਂ ਨੂੰ ਚੌੜਾ ਕਰਨ ਬਾਰੇ- ਅਥਾਰਿਟੀ ਦੀ ਮੀਟਿੰਗ ਵਿਚ ਪੇਸ਼ ਕਰਨ ਲਈ ਅਜੰਡਾ ।

ਤਜਵੀਜ ਪ੍ਰਵਾਨ ਹੈ ।

ਮੱਦ ਨੰਬਰ 5.17

ਮੋਹਾਲੀ ਵਿਖੇ ਇੰਟਰਨੈਸ਼ਨਲ ਏਅਰਪੋਰਟ ਟਰਮੀਨਲ ਸਥਾਪਨਾ ਕਰਨ ਬਾਰੇ ।

ਪ੍ਰਵਾਨ ਹੈ ।

Scanned by CamScanner

**ਮੱਦ ਨੰਬਰ 5.18**

ਅੰਤਰਰਾਸਟਰੀ ਹਵਾਈ ਅੱਡੇ ਦੀ ਸਥਾਪਨਾ ਲਈ ਏਅਰਪੋਰਟ ਅਥਾਰਿਟੀ ਆਫ ਇੰਡੀਆ ਵਲੋਂ ਭੇਜੇ ਗਏ ਜੁਆਇੰਟ ਵੈਂਚਰ ਐਗਰੀਮੈਂਟ(Joint Ventre Agreement) ਸਬੰਧੀ ।

ਅਜੰਡਾ ਸਰਕੂਲੇਟ ਹੋਣ ਉਪਰੰਤ ਏਅਰਪੋਰਟ ਅਥਾਰਟੀ ਆਫ ਇੰਡੀਆਂ (ਏ ਏ ਆਈ) ਵੱਲੋ ਸੋਧਿਆ ਹੋਇਆ ਡਰਾਫਟ ਜੁਆਇੰਟ ਵੈਂਚਰ ਐਗਰੀਮੈਂਟ ਪ੍ਰਾਪਤ ਹੋਇਆ ਸੀ ਜਿਸਤੇ ਸੀਨੀਅਰ ਲਾਅ ਅਫਸਰ ਦੀ ਰਾਏ ਲੈਣ ਉਪਰੰਤ ਰਿਵਾਈਜਡ ਖਰੜਾ ਅਤੇ ਸੀਨੀਅਰ ਲਾਅ ਅਫਸਰ ਦੀ ਰਾਏ ਸਮੂਹ ਮੈਂਬਰਾਨ ਨੂੰ ਮੌਕੇ ਤੇ ਮੀਟਿੰਗ ਦੌਰਾਨ ਸੌਂਪੀ ਗਈ ਸੀ । ਅਥਾਰਟੀ ਵੱਲੋ ਏ ਏ ਆਈ ਵੱਲੋ ਭੇਜੇ ਗਏ ਸੋਧੇ ਹੋਏ ਡਰਾਫਟ ਐਗਰੀਮੈਂਟ ਅਤੇ ਸੀਨੀਅਰ ਲਾਅ ਅਫਸਰ ਦੀ ਰਾਏ ਤੇ ਗੌਰ ਕੀਤਾ ਗਿਆ । ਅਥਾਰਟੀ ਨੇ ਨੋਟ ਕੀਤਾ ਕਿ ਇਹ ਰਿਵਾਈਜਡ ਐਗਰੀਮੈਂਟ ਪਹਿਲਾਂ ਸਾਈਨ ਕੀਤੇ ਗਏ ਐਮ ਓ ਯੂ ਤੇ ਅਧਾਰਤ ਹੈ, ਜਿਸਦੀ ਮੰਜੂਰੀ ਪਹਿਲਾਂ ਹੀ ਮੰਤਰੀ ਮੰਡਲ ਤੋ ਪ੍ਰਾਪਤ ਹੈ। ਉਪਰੋਕਤ ਦੇ ਮੱਦੇ ਨਜਰ ਅਥਾਰਟੀ ਵੱਲੋ ਏ ਏ ਆਈ ਤੋ ਪ੍ਰਾਪਤ ਸੋਧੇ ਹੋਏ ਡਰਾਫਟ ਐਗਰੀਮੈਂਟ ਨੂੰ ਜਿਉ ਦਾ ਤਿਉਂ ਮੰਜੂਰ ਕੀਤਾ ਗਿਆ ਅਤੇ ਇਸਨੂੰ ਹਸਤਾਖਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

**ਮੱਦ ਨੰਬਰ 5.19**

ਅਲਾਟੀਆਂ ਵਲੋਂ 15% ਜਾਂ ਬਕਾਇਆ 75% ਰਕਮ ਵਿਚੋਂ ਕੁਝ ਘੱਟ ਰਕਮ ਜਮ੍ਹਾਂ ਕਰਵਾਉਣ ਸਬੰਧੀ ।

ਤਜਵੀਜ ਪ੍ਰਵਾਨ ਹੈ । ਮਾਨਯੋਗ ਮੁੱਖ ਮੰਤਰੀ ਜੀ ਨੇ ਆਦੇਸ ਦਿੱਤੇ ਕਿ ਪੰਜਾਬ ਦੀਆਂ ਸਾਰੀਆਂ ਅਥਾਰਟੀਆਂ ਵੱਲੋ ਅਲਾਟੀਆਂ ਦੇ ਖਾਤਿਆ ਨੂੰ ਕੰਪਿਊਟਰਾਈਜਡ ਕੀਤਾ ਜਾਵੇ ਤਾਂ ਜੋ ਲੇਖੇ ਜੋਖੇ ਵਿਚ ਜੇਕਰ ਕੋਈ ਗਲਤੀ ਹੁੰਦੀ ਹੈ ਤਾਂ ਉਹ ਤੁਰੰਤ ਧਿਆਨ ਵਿਚ ਆ ਸਕੇ ।

**ਮੱਦ ਨੰਬਰ 5.20**

ਸੈਕਟਰ-62 ਵਿਖੇ ਪਲਾਟ ਨੰ: ਟੀ-1 ਅਤੇ ਬੀ-1 ਪੰਜਾਬ ਹਾਅਟ ਕਮ ਐਮਉਸਮੈਂਟ ਪਾਰਕ ਵਿਕਸਤ ਕਰਨ ਬਾਰੇ ।

ਤਜਵੀਜ ਪ੍ਰਵਾਨ ਹੈ ।

**ਮੱਦ ਨੰਬਰ 5.21**

ਸਹਿਰੀ ਮਿਲਪ ਮੋਹਾਲੀ ਦੀ ਗਰਿੱਡ ਰੋਡ ਸੈਕਟਰ-80-81 ਦੇ ਚੌਕ ਤੋਂ ਸੈਕਟਰ-98/105 ਅਤੇ 99/104 ਦੇ ਵੈਸਟ ਚੌਕ ਤੱਕ ਉਸਾਰੀ ਲਈ ਭੋਂ ਪ੍ਰਾਪਤ ਕਰਨ ਬਾਰੇ(ਰਕਬਾ 34.45 ਏਕੜ) ਅਤੇ ਸਹਿਰੀ ਮਿਲਪ ਮੋਹਾਲੀ ਦੀ ਗਰਿੱਡ ਰੋਡ ਸੈਕਟਰ-80-81 ਦੇ ਚੌਕ ਤੋਂ ਸੈਕਟਰ-98/105 ਅਤੇ 99/104 ਦੇ ਵੈਸਟ ਚੌਕ ਤੱਕ ਉਸਾਰੀ ਲਈ ਭੋਂ ਪ੍ਰਾਪਤ ਕਰਨ ਬਾਰੇ ।(53.07 ਏਕੜ)

ਤਜਵੀਜ ਪ੍ਰਵਾਨ ਹੈ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਮੁੱਖ ਮੰਤਰੀ,
ਪੰਜਾਬ ।

Scanned by CamScanner